# ਸ਼੍ਰੇਣੀ ਤੀਜੀ

## ਪੰਜਾਬੀ (ਪਹਿਲੀ ਭਾਸ਼ਾ)

1. ਪੜ੍ਹਨਾ

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਤੇ ਨਿੱਕੀਆਂ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਦਿ ਪੜ੍ਹ ਸਕੇ।

(ਅ) ਢੁਕਵੇਂ ਉਚਾਰਨ, ਠਹਿਰਾਅ, ਦਬਾਅ ਅਤੇ ਤਾਨ ਨਾਲ਼ ਪਾਠ-ਪੁਸਤਕਾਂ ਵਿਚਲੇ ਰਚਨਾ-ਅੰਸ਼ਾਂ ਨੂੰ ਉੱਚੀ ਬੋਲ ਕੇ ਪੜ੍ਹ ਸਕੇ।

(ੲ) ਚੁੱਪ-ਚਾਪ ਮੂੰਹ ਵਿੱਚ ਹੀ ਲੁੜੀਂਦੀ ਗਤੀ ਨਾਲ਼ ਪੜ੍ਹ ਸਕੇ।

(ਸ) ਸਾਫ਼-ਸਾਫ਼ ਲਿਖੀ ਹੋਈ ਸਰਲ ਹੱਥ-ਲਿਖਤ ਪੜ੍ਹ ਸਕੇ।

2. ਗ੍ਰਹਿਣ ਕਰਨਾ

(i) ਸੁਣ ਕੇ

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਸੰਥਿਆ ਨੂੰ ਸਮਝ ਸਕੇ।

(ੲ) ਸ਼੍ਰੇਣੀ ਜਾਂ ਸਕੂਲ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਸੁਣ ਕੇ ਸਮਝ ਸਕੇ।

(ਸ) ਖ਼ਾਸ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ।

(ਹ) ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਵੇਖੇ, ਸੁਣੇ ਪ੍ਰੋਗ੍ਰਾਮ ਨੂੰ ਸਮਝ ਸਕੇ।

(ii) ਪੜ੍ਹ ਕੇ

(ੳ) ਵਿਦਿਆਰਥੀ ਆਪਣੀ ਪਾਠ-ਪੁਸਤਕ ਵਿਚਲੀ ਕਹਾਣੀ ਨੂੰ ਪੜ੍ਹ ਕੇ ਉਹਨਾਂ ਵਿਚਲੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਆਪਣੀ ਪਾਠ-ਪੁਸਤਕ ਦੇ ਪਾਠਾਂ ਨੂੰ ਪੜ੍ਹ ਕੇ ਉਹਨਾਂ ਵਿਚਲੇ ਭਾਵਾਂ ਨੂੰ ਗ੍ਰਹਿਣ ਕਰ ਸਕੇ ।

(ੲ) ਪਾਠ-ਪੁਸਤਕ ਦੇ ਪਾਠਾਂ ਨੂੰ ਪੜ੍ਹ ਕੇ ਉਹਨਾਂ ਸੰਬੰਧੀ ਪੁੱਛੇ ਗਏ ਸਧਾਰਨ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ਸ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ, ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ ।

3. ਪ੍ਰਗਟਾਅ

(i) ਮੌਖਿਕ

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਿਸੇ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ ।

(ੲ) ਆਪਣੇ ਸਾਥੀ ਵਿਦਿਆਰਥੀ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ।

(ii) ਲਿਖਤੀ

(ੳ) ਵਿਦਿਆਰਗੀ ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਅ) ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ।

(ੲ) ਕਿਸੇ ਦੂਜੇ ਦੁਆਰਾ ਬੋਲੇ ਗਏ ਸਰਲ ਸ਼ਬਦਾਂ ਅਤੇ ਵਾਕਾਂ ਨੂੰ ਸੁਣ ਕੇ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖ ਸਕੇ।

(ਸ) ਲਿਖਣ ਵੇਲ਼ੇ ਪੂਰਨ ਵਿਸਰਾਮ-ਚਿੰਨ੍ਹ, ਕਾਮਾ, ਪ੍ਰਸ਼ਨਵਾਚਕ-ਚਿੰਨ੍ਹ, ਵਿਸਮਕ-ਚਿੰਨ੍ਹ ਅਤੇ ਪੁੱਠੇ-ਸਿੱਧੇ ਕਾਮਿਆਂ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।

(ਹ) ਪਾਠ-ਪੁਸਤਕ ਵਿੱਚੋਂ ਦਿਲਚਸਪ ਪੈਰੇ ਜਾਂ ਆਪਣੀ ਮਨਪਸੰਦ ਕਵਿਤਾ ਦੀਆਂ ਤੁਕਾਂ ਨੂੰ ਸੋਹਣੀ ਲਿਖਾਈ ਵਿੱਚ ਲਿਖ ਸਕੇ ।

(ਕ) ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਸ਼ਬਦਾਂ ਦੇ ਵਿਰੋਧਾਰਥਕ, ਸਮਾਨਾਰਥਕ ਸ਼ਬਦ ਲਿਖ ਸਕੇ ਅਤੇ ਲਿੰਗ ਬਦਲਣ, ਬਹੁਵਚਨ ਬਣਾਉਣ ਬਾਰੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

4. ਲਿਖਤ ਰਚਨਾ

ਵਿਦਿਆਰਥੀ ਹੇਠ ਲਿਖੇ ਵਿਸ਼ਿਆਂ ਬਾਰੇ 8-10 ਵਾਕ ਲਿਖ ਸਕੇ।

ਮੇਰਾ ਘਰ, ਮੇਰਾ ਅਧਿਆਪਕ, ਮੇਰਾ ਸਕੂਲ, ਮੇਰਾ ਮਿੱਤਰ, ਮੇਰਾ ਬਸਤਾ ਆਦਿ।

ਨਿਰਧਾਰਿਤ ਪਾਠ-ਪੁਸਤਕ-

1. **ਪੰਜਾਬੀ ਪੁਸਤਕ-3**
   **(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**